# ਬੋਲਾਂ ਦੇ ਖੰਭ


**ਮਨਮੋਹਨ ਸਿੰਘ ਦਾਊਂ**

ਸਾਹਿਤ ਅਕਾਦਮੀ ਸਨਮਾਨਤ
ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ




# ਬੋਲਾਂ ਦੇ ਖੰਭ


## ਮਨਮੋਹਨ ਸਿੰਘ ਦਾਊਂ

ਸਾਹਿਤ ਅਕਾਦਮੀ ਸਨਮਾਨਤ
ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ

# ਤਰਤੀਬ


| | | |
|---|---|---|
| 1 | ਬੋਲਾਂ ਦੇ ਖੰਭ | 3 |
| 2 | ਸੱਚਾ ਹਮਦਰਦ | 5 |
| 3 | ਅਸਲ ਗੱਲ | 7 |
| 4 | ਕੋਚੀ ਦਾ ਪਿਆਰ | 11 |
| 5 | ਸ਼ੇਰ ਦੇ ਦਿਲ ਵਰਗਾ | 14 |
| 6 | ਸੰਕਟ ਸਮੇਂ ਦਾ ਮਿੱਤਰ | 16 |
| 7 | ਧੁੱਪ | 18 |
| 8 | ਤਿਤਲੀਏ ਤਿਤਲੀਏ ਸੁਣ ਮੇਰੀ ਗੱਲ | 21 |
| 9 | ਭਾਰੇ ਭਾਰੇ ਬਸਤੇ | 23 |
| 10 | ਰੁੱਖ ਨੂੰ ਜਦ ਅੱਗ ਲੱਗੀ | 25 |



ISBN : 978-93-89198-12-6

**Bolan De Khambh**
***By***
**Manmohan Singh Daon**

2019
301, Industrial Area, Phase-9,
Published by Lokgeet Parkashan
website : www.unistarbooks.com
Printed & bound at Unistar Books Pvt. Ltd.
email : unistarbooks@gmail.com
S.A.S. Nagar, Mohali-Chandigarh (India)
Ph. +91-172-5027427, 5027429, 4027552



*© 2019*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

1

# ਬੋਲਾਂ ਦੇ ਖੰਭ



ਇਕ ਸੀ ਵਪਾਰੀ। ਬੜਾ ਅਮੀਰ। ਚੰਗਾ ਜੀਵਨ ਜਿਉਣ ਵਾਲਾ। ਇਕ ਵਾਰ ਉਸ ਨੇ ਆਪਣੇ ਗੁਆਂਢੀ ਨੂੰ ਬੁਰਾ-ਭਲਾ ਕਹਿ ਦਿਤਾ। ਗੁਆਂਢੀ ਸਬਰ-ਸੰਤੋਖ ਵਾਲਾ ਸੀ। ਠਰੰਮੇ ਵਾਲਾ। ਦੂਰ-ਅੰਦੇਸ਼। ਉਸ ਨੇ ਵਪਾਰੀ ਨੂੰ ਅੱਗੋਂ ਕੋਈ ਉੱਤਰ ਨਾ ਦਿਤਾ। ਵਪਾਰੀ ਬਾਅਦ 'ਚ ਪਛਤਾਉਣ ਲੱਗਾ ਕਿ ਉਸ ਨੇ ਆਪਣੇ ਗੁਆਂਢੀ ਨਾਲ ਠੀਕ ਨਹੀਂ ਕੀਤਾ। ਕਰੇ ਤੇ ਕੀ ਕਰੇ ? ਉਹ ਬੇਚੈਨ ਹੋਣ ਲੱਗਾ।

ਵਪਾਰੀ ਆਪਣੀ ਭੁੱਲ ਬਖ਼ਸ਼ਾਉਣ ਲਈ ਇਕ ਪਾਦਰੀ ਕੋਲ ਗਿਆ। ਪਾਦਰੀ ਨੂੰ ਸਾਰੀ ਗੱਲ ਕਹਿ ਸੁਣਾਈ। ਪਾਦਰੀ ਸਿਆਣਾ ਸੀ। ਉਸ ਨੇ ਵਪਾਰੀ ਦੇ ਚਿਹਰੇ ਵੱਲ ਤੱਕਿਆ ਤੇ ਉਸ ਨੂੰ ਬਜ਼ਾਰੋਂ ਇਕ ਬੈਗ਼ ਖਰੀਦਣ ਲਈ ਕਿਹਾ। ਵਪਾਰੀ ਇਕ ਕੀਮਤੀ ਜਿਹਾ ਬੈਗ਼ ਖਰੀਦ ਲਿਆਇਆ। ਪਾਦਰੀ ਨੇ ਵਪਾਰੀ ਨੂੰ ਮੁੜ ਬਜ਼ਾਰੋਂ ਖੰਭ ਖਰੀਦ ਕੇ ਬੈਗ਼ ਭਰ ਲਿਆਉਣ ਲਈ ਹੁਕਮ ਲਾਇਆ। ਵਪਾਰੀ ਨੇ ਉਂਞ ਹੀ ਕੀਤਾ। ਵਪਾਰੀ ਖੰਭਾਂ ਨਾਲ ਭਰਿਆ ਬੈਗ਼ ਲੈ ਆਇਆ। ਪਾਦਰੀ ਨੇ ਆਖਿਆ ਕਿ ਹੁਣ ਇਹ ਖੰਭ ਬਜ਼ਾਰ ਵਿੱਚ ਖਿੰਡਾ ਆ। ਵਪਾਰੀ ਤੇਜ਼ੀ-ਤੇਜ਼ੀ ਨਾਲ ਬਜ਼ਾਰ ਜਾ ਕੇ ਖੰਭ ਖਿੰਡਾ ਆਇਆ। ਖਾਲੀ ਬੈਗ਼ ਲੈ ਕੇ ਵਪਾਰੀ, ਪਾਦਰੀ ਕੋਲ ਆ ਹਾਜ਼ਰ ਹੋਇਆ। 'ਹੋਰ ਕੀ ਹੁਕਮ ਹੈ', ਪਾਦਰੀ ਜੀ।

'ਅੱਛਾ ਭਾਈ। ਹੁਣ ਏਦਾਂ ਕਰ, ਬਜ਼ਾਰ ਵਿੱਚ ਖਿੰਡਾਏ ਹੋਏ ਸਾਰੇ ਦੇ ਸਾਰੇ ਖੰਭ ਆਪਣੇ ਬੈਗ਼ ਵਿੱਚ ਇਕੱਠੇ ਕਰ ਲਿਆ। ਵੇਖੀਂ ਕੋਈ ਖੰਭ ਬਾਕੀ ਨਾ ਰਹੇ।' ਵਪਾਰੀ ਹੁਕਮ ਮੰਨ ਕੇ ਬਜ਼ਾਰ ਵਿਚੋਂ ਖੰਭ ਇਕੱਠੇ ਕਰਨ ਲੱਗਾ। ਖੰਭ ਤਾਂ ਖਿੰਡ-ਪੁੰਡ ਗਏ ਸਨ। ਉਸ ਨੂੰ ਥੋੜ੍ਹੇ ਜਿਹੇ ਖੰਭ ਹੀ ਮਿਲ ਸਕੇ। ਪਾਦਰੀ ਕੋਲ ਆ ਕੇ ਵਪਾਰੀ ਕਹਿਣ ਲੱਗਾ ਕਿ ਸਾਰੇ ਦੇ ਸਾਰੇ ਖੰਭ ਤਾਂ ਮਿਲੇ ਨਹੀਂ। ਬੱਸ ਇਹ ਥੋੜ੍ਹੇ ਜਿਹੇ ਖੰਭ ਮੁਸ਼ਕਲ ਨਾਲ ਇਕੱਤਰ ਹੋਏ ਹਨ। ਪਾਦਰੀ ਨੇ ਕਿਹਾ, 'ਤੇਰੇ ਮੂੰਹੋਂ ਆਪਣੇ ਗੁਆਂਢੀ ਨੂੰ ਕਹੇ ਭੈੜੇ ਸ਼ਬਦ ਵੀ ਖੰਭਾਂ ਵਾਂਗ ਮੁੜ ਨਹੀਂ ਆ ਸਕਦੇ। ਬੋਲਣ ਤੋਂ ਪਹਿਲਾਂ ਸੋਚਣਾ ਚੰਗਾ ਹੁੰਦਾ ਹੈ।'

ਵਪਾਰੀ ਨੂੰ ਗ਼ਲਤੀ ਦੀ ਸਮਝ ਆ ਗਈ ਤੇ ਮੁੜ ਗੁਆਂਢੀ ਨਾਲ ਚੰਗਾ ਵਿਹਾਰ ਕਰਨ ਦਾ ਵਚਨ ਕੀਤਾ।

**

# 2 ਸੱਚਾ ਹਮਦਰਦ

ਇਕ ਵੇਰ, ਇਕ ਮੁੰਡਾ ਇਕ ਦੁਕਾਨ ਵਿਚ ਗਿਆ। ਦੁਕਾਨਦਾਰ ਪਾਲਤੂ ਕਤੂਰੇ ਵੇਚਣ ਦਾ ਕੰਮ ਕਰਦਾ ਸੀ। ਮੁੰਡੇ ਨੂੰ ਕਤੂਰੇ ਬੜੇ ਪਿਆਰੇ ਲੱਗੇ। ਉਸ ਦਾ ਜੀਅ ਕੀਤਾ ਕਿ ਉਹ ਇਕ ਕਤੂਰਾ ਖਰੀਦ ਲਵੇ। ਉਸ ਨੇ ਆਪਣੀ ਜੇਬ ਵਿਚ ਹੱਥ ਮਾਰਿਆ। ਪੈਸੇ ਜੇਬ ਵਿਚ ਸਨ।

ਦੁਕਾਨਦਾਰ ਨੇ ਚਾਰ ਕਤੂਰੇ ਇਕ ਪਾਸੇ ਬੰਨ੍ਹੇ ਹੋਏ ਸਨ। ਕਤੂਰੇ ਚਊਂ-ਚਊਂ ਕਰਦੇ ਬੜੇ ਸੋਹਣੇ ਲਗਦੇ ਸਨ। ਇਕ ਕਤੂਰੇ ਦੀ ਕੀਮਤ ਚਾਰ ਹਜ਼ਾਰ ਰੁਪਏ ਰੱਖੀ ਹੋਈ ਸੀ। ਦੁਕਾਨਦਾਰ ਨੇ ਇਕ ਹੋਰ ਨੁੱਕਰੇ ਇਕ ਹੋਰ ਵੱਖਰਾ ਕਤੂਰਾ ਬੰਨ੍ਹਿਆ ਹੋਇਆ ਸੀ ਪ੍ਰੰਤੂ ਉਸ 'ਤੇ ਕੀਮਤ ਨਹੀਂ ਸੀ ਲਿਖੀ ਹੋਈ। ਉਹ ਵਿਕਾਊ ਨਹੀਂ ਸੀ।

ਮੁੰਡੇ ਨੇ ਦੁਕਾਨਦਾਰ ਨੂੰ ਅਣ-ਵਿਕਾਊ ਕਤੂਰੇ ਬਾਰੇ ਪੁੱਛਿਆ। ਦੁਕਾਨਦਾਰ ਨੇ ਕਿਹਾ ਕਿ ਇਸ ਦੀ ਨਸਲ ਵੀ ਦੂਜੇ ਕਤੂਰਿਆਂ ਵਾਲੀ ਹੀ ਹੈ ਪ੍ਰੰਤੂ ਇਹ ਜਮਾਂਦਰੂ ਅਪੰਗ ਹੈ। ਇਸ ਦੀ ਇਕ ਲੱਤ ਛੋਟੀ ਹੈ। ਇਹ ਲੜਖੜਾ ਕੇ ਤੁਰਦਾ ਹੈ। ਬਹੁਤਾ ਦੌੜ ਵੀ ਨਹੀਂ ਸਕਦਾ। ਕਿਸੇ ਨੇ ਇਸ ਨੂੰ ਖਰੀਦ ਕੇ ਕੀ ਲੈਣਾ ਹੈ। ਲੋਕ ਤਾਂ ਭਲੇ ਚੰਗੇ ਕਤੂਰੇ ਨੂੰ ਖਰੀਦਣ ਵੇਲੇ ਵੀ ਪੂਰੀ ਨਿਰਖ-ਪਰਖ ਕਰਦੇ ਹਨ। ਪੂਰੀ ਰਕਮ ਵੀ ਦੇਣ ਨੂੰ ਤਿਆਰ ਨਹੀਂ ਹੁੰਦੇ। ਮੈਨੂੰ ਇਨ੍ਹਾਂ ਨੂੰ ਪਾਲਣ ਲਈ ਬਹੁਤ ਰਕਮ ਖਰਚ ਕਰਨੀ ਪੈਂਦੀ ਹੈ। ਮੁੰਡਾ ਸੁਣ ਕੇ ਸੋਚੀਂ ਪੈ ਗਿਆ। ਉਸ ਕਤੂਰੇ ਦਾ ਤਿਗ ਵੀ ਕਮਜ਼ੋਰ ਸੀ। ਮੁੰਡੇ ਨੇ ਦੁਕਾਨਦਾਰ ਨੂੰ ਪੁੱਛਿਆ ਕਿ ਤੂੰ ਇਸ ਕਤੂਰੇ ਦਾ ਕੀ ਕਰੇਂਗਾ। 'ਮੈਂ ਇਸ ਨੂੰ ਮਾਰ ਮੁਕਾਵਾਂਗਾ। ਇਸ ਦੇ ਜਿਊਣ ਦਾ ਕੀ ਲਾਭ ਹੈ?' ਦੁਕਾਨਦਾਰ ਨੇ ਉੱਤਰ ਦਿਤਾ।

ਮੁੰਡਾ ਹੋਰ ਵੀ ਗੰਭੀਰ ਹੋ ਗਿਆ। ਮੁੰਡੇ ਕੋਲ ਕੇਵਲ ਤਿੰਨ ਹਜ਼ਾਰ ਰੁਪਏ ਸਨ। ਉਹ ਭੱਜਾ-ਭੱਜਾ ਘਰ ਗਿਆ ਤੇ ਘਰੋਂ ਇਕ ਹਜ਼ਾਰ ਰੁਪਏ ਹੋਰ ਲੈ ਆਇਆ।

ਮੁੰਡੇ ਨੇ ਦੁਕਾਨਦਾਰ ਨੂੰ ਚਾਰ ਹਜ਼ਾਰ ਰੁਪਏ ਦੇ ਕੇ ਉਹ ਅਪੰਗ ਕਤੂਰਾ ਖਰੀਦ ਲਿਆ। ਦੁਕਾਨਦਾਰ ਹੈਰਾਨ ਹੋ ਰਿਹਾ ਸੀ। ਇਹ ਕੀ ਗੱਲ ਹੋਈ। ਮੇਰੇ ਭਲੇ-ਚੰਗੇ ਕਤੂਰੇ ਵਿਕਣ ਨੂੰ ਤਾਂ ਦੇਰ ਲਗਦੀ ਹੈ। ਇਸ ਨੇ ਤਾਂ ਝੱਟ ਅਪੰਗ ਕਤੂਰਾ ਖਰੀਦ ਲਿਆ।

ਆਖ਼ਰ ਦੁਕਾਨਦਾਰ ਨੇ ਮੁੰਡੇ ਤੋਂ ਪੁੱਛ ਹੀ ਲਿਆ ਕਿ ਤੂੰ ਇਹ ਕਤੂਰਾ ਕਿਉਂ ਖਰੀਦਿਆ ਹੈ। ਦੂਜੇ ਕਤੂਰੇ ਤਾਂ ਇੰਨੇ ਸੋਹਣੇ ਹਨ। ਮੁੰਡਾ ਬੜਾ ਹੀ ਸੂਝਵਾਨ ਸੀ। ਉਹ ਦੱਸੇ ਤਾਂ ਕੀ ਦੱਸੇ। ਮੁੰਡਾ ਚੁੱਪ ਰਿਹਾ।

ਕੋਈ ਵੀ ਸ਼ਬਦ ਬੋਲਣਾ ਨਹੀਂ ਸੀ ਚਾਹੁੰਦਾ। ਮੁੰਡੇ ਨੇ ਆਪਣੀ ਇਕ ਲੱਤ ਤੋਂ ਪੈਂਟ ਉਪਰ ਚੁੱਕੀ। ਦੁਕਾਨਦਾਰ ਵੇਖਦੇ ਸਾਰ ਪਸੀਜਿਆ ਗਿਆ। ਮੁੰਡੇ ਦੀ ਇਕ ਲੱਤ ਬਨਾਵਟੀ ਲੱਗੀ ਹੋਈ ਸੀ। ਮੁੰਡੇ ਦੀਆਂ ਨਜ਼ਰਾਂ ਦੁਕਾਨਦਾਰ ਨੂੰ ਸਾਰੀ ਗੱਲ ਕਹਿ ਰਹੀਆਂ ਸਨ। ਦੁਕਾਨਦਾਰ ਦੀਆਂ ਅੱਖਾਂ ਵਿਚ ਅੱਥਰੂ ਆ ਗਏ। 'ਮੈਂ ਇਸ ਨੂੰ ਬਹੁਤ ਚੰਗੀ ਤਰ੍ਹਾਂ ਪਾਲਾਂਗਾ', ਮੁੰਡਾ ਦੁਕਾਨਦਾਰ ਨੂੰ ਤਸੱਲੀ ਦੇ ਰਿਹਾ ਸੀ।

'ਮੈਂ ਸਮਝ ਗਿਆ। ਤੂੰ ਬਹੁਤ ਵੱਡਾ ਦਿਆਲੂ ਤੇ ਨੇਕ ਹੈ। ਤੂੰ ਵੱਡਾ ਕੰਮ ਕੀਤਾ ਹੈ।' ਦੁਕਾਨਦਾਰ ਨੇ ਮੁੰਡੇ ਦਾ ਮੋਢਾ ਥਾਪੜਦਿਆਂ ਆਖਿਆ। ਕਤੂਰੇ ਦੀ ਜਾਨ ਬਚ ਗਈ ਸੀ। ਦੁਕਾਨਦਾਰ ਦਾ ਇਕ ਵੱਡਾ ਪਾਪ ਟਲ ਗਿਆ ਸੀ। ਦੁਕਾਨਦਾਰ ਨੇ ਉਹ ਕਤੂਰਾ ਉਸ ਮੁੰਡੇ ਨੂੰ ਮੁਫ਼ਤ ਹੀ ਦੇ ਦਿਤਾ।



# 3 ਅਸਲ ਗੱਲ

ਇਕ ਵਾਰ ਦੀ ਗੱਲ ਹੈ। ਪਿੰਡ ਦੀ ਸੱਥ ਵਿਚ ਕੁਝ ਲੋਕ ਬੈਠੇ ਸਨ। ਆਥਣ ਵੇਲਾ ਸੀ। ਮੱਠੀ-ਮੱਠੀ ਸਰਦੀ ਦਾ ਮੌਸਮ ਸੀ। ਹਰ ਰੋਜ਼ ਵਾਂਗ ਸੱਥ 'ਚ ਜੁੜੇ ਲੋਕ ਗੱਲਾਂ ਕਰਨ ਦਾ ਸੁਆਦ ਲੈ ਰਹੇ ਸਨ।

ਅੱਜ ਦੀ ਜੁੰਡਲੀ ਵਿਚ ਬੁੱਢੇ, ਅਧਖੜ ਤੇ ਨੌਜੁਆਨ ਸ਼ਾਮਲ ਸਨ। ਗੱਲਾਂ 'ਚੋਂ ਗੱਲ ਤੁਰਦੀ-ਤੁਰਦੀ ਇਸ ਨੁਕਤੇ 'ਤੇ ਆ ਗਈ ਕਿ ਸ੍ਰਿਸ਼ਟੀ ਦਾ ਕੰਮ ਕਿਵੇਂ ਚਲਦਾ ਹੈ। ਏਡੇ ਵੱਡੇ ਸੰਸਾਰ ਵਿਚ ਕਿੰਨੇ ਲੋਕ ਰਹਿੰਦੇ ਹਨ। ਲੋਕਾਂ ਦੀਆਂ ਲੋੜਾਂ ਕਿਵੇਂ ਪੂਰੀਆਂ ਹੁੰਦੀਆਂ ਹਨ? ਸਭ ਤੋਂ ਵੱਡੀ ਦੇਣ ਕਿਸ ਦੀ ਹੈ? ਕਿਸ ਦੇ ਸਹਾਰੇ ਸੰਸਾਰ ਦਾ ਨਿਰਬਾਹ ਹੁੰਦਾ ਹੈ?

ਸੱਥ 'ਚ ਬੈਠਾ ਇਕ ਕਿਸਾਨ ਅੱਗੋਂ ਬੋਲਿਆ- 'ਲਓ ਬਈ, ਗੱਲ ਤਾਂ ਸਾਰੀ ਦੋ ਰੋਟੀਆਂ ਦੀ ਹੈ। ਪੇਟ ਨਾ ਪਈਆਂ ਰੋਟੀਆਂ ਸੱਭੇ ਗੱਲਾਂ ਖੋਟੀਆਂ। ਸਭ ਤੋਂ ਪਹਿਲੀ ਲੋੜ ਤਾਂ ਬੰਦੇ ਦੀ ਰੋਟੀ ਹੈ। ਜੀਵ-ਜੰਤੂ, ਪੰਛੀ, ਜਾਨਵਰ ਤੇ ਹੋਰ ਜੀਵਾਂ ਦਾ ਮਸਲਾ ਵੀ ਪੇਟ ਭਰਨ ਨਾਲ ਹੈ। ਕਿਸਾਨ ਭੂਮੀ ਤਿਆਰ ਕਰਦਾ ਹੈ। ਬੀਜ ਬੀਜਦਾ ਹੈ। ਫ਼ਸਲਾਂ ਪਾਲਦਾ ਹੈ। ਗਰਮੀ ਸਰਦੀ 'ਚ ਮਿਹਨਤ ਕਰਦਾ ਹੈ। ਤਦ ਜਾ ਕੇ ਅਨਾਜ ਪ੍ਰਾਪਤ ਹੁੰਦਾ ਹੈ। ਕਿਸਾਨ ਅੰਨਦਾਤਾ ਜੋ ਹੋਇਆ। ਖੇਤੀ ਸਦਕਾ ਹੀ ਸਬਜ਼ੀਆਂ ਤੇ ਫ਼ਲ ਪ੍ਰਾਪਤ ਹੁੰਦੇ ਹਨ। ਤੁਸੀਂ ਆਪ ਹੀ ਸੋਚੋ ਕਿ ਕਿਸਾਨ ਬਿਨਾਂ ਗੁਜ਼ਾਰਾ ਕਿਵੇਂ ਹੋ ਸਕਦਾ ਹੈ। ਉਸ ਦੀ ਦੇਣ ਸਭ ਤੋਂ ਵੱਡੀ ਹੈ।'

ਸੱਥ 'ਚ ਬੈਠੇ ਲੋਕ ਉਸ ਦੀ ਗੱਲ ਨੂੰ ਧਿਆਨ ਨਾਲ ਸੁਣਦੇ ਰਹੇ। ਕਈ ਸੋਚਣ ਲੱਗੇ ਕਿ ਗੱਲ ਤਾਂ ਕਿਸਾਨ ਦੀ ਠੀਕ ਹੈ।

ਸੱਥ ਵਿਚ ਇਕ ਮਿਸਤਰੀ ਵੀ ਬੈਠਾ ਸੀ। ਕਿਸਾਨ ਦੀ ਗੱਲ ਸੁਣ ਕੇ ਉਹ ਕਹਿਣ ਲੱਗਾ ਕਿ ਗੱਲ ਇਕੱਲੀ ਰੋਟੀ ਦੀ ਹੀ ਨਹੀਂ। ਬੰਦੇ ਨੂੰ ਜਿਊਣ ਲਈ ਹੋਰ ਕਿੰਨੀਆਂ ਹੀ ਵਸਤਾਂ ਦੀ ਲੋੜ ਪੈਂਦੀ ਹੈ। ਘਰ 'ਚ ਪਿਆ ਸਮਾਨ ਹੀ ਵੇਖ ਲਓ। ਕੀ ਬੰਦੇ ਦਾ ਉਨ੍ਹਾਂ ਵਸਤਾਂ ਬਿਨਾਂ ਗੁਜ਼ਾਰਾ ਹੋ ਸਕਦਾ ਹੈ? ਘਰ 'ਚ ਸੂਈ ਤੋਂ ਲੈ ਕੇ ਵੱਡੀਆਂ ਚੀਜ਼ਾਂ ਦੀ ਲੋੜ ਪੈਂਦੀ ਹੈ। ਇਹ ਸਾਰੀਆਂ ਵਸਤਾਂ ਸਾਨੂੰ ਦਸਤਕਾਰੀ ਕਰਨ



ਵਾਲੇ ਹੱਥ ਤੇ ਕਾਰਖਾਨਿਆਂ 'ਚ ਚਲਦੀਆਂ ਮਸ਼ੀਨਾਂ ਬਣਾ ਕੇ ਦੇਂਦੀਆਂ ਹਨ। ਉਨ੍ਹਾਂ ਮਸ਼ੀਨਾਂ ਨੂੰ ਬਣਾਉਣ ਵਾਲੇ ਇੰਜਨੀਅਰਾਂ ਤੇ ਚਲਾਉਣ ਵਾਲੇ ਮਕੈਨਿਕਾਂ ਤੇ ਕਾਮਿਆਂ ਤੋਂ ਬਿਨਾਂ ਕਿਵੇਂ ਗੁਜ਼ਾਰਾ ਹੋ ਸਕਦਾ ਹੈ। ਫੈਕਟਰੀਆਂ ਅਤੇ ਕਾਰਖਾਨਿਆਂ 'ਚ ਨਿੱਕੀ ਤੋਂ ਨਿੱਕੀ ਵਸਤੂ ਤੋਂ ਲੈ ਕੇ ਵੱਡੇ-ਵੱਡੇ ਸਮੁੰਦਰੀ ਜਹਾਜ਼ ਤਕ ਬਣਦੇ ਹਨ। ਤਨ ਢਕਣ ਲਈ ਕੱਪੜਾ, ਘਰ ਦਾ ਸਾਮਾਨ, ਦਵਾਈਆਂ ਤੇ ਹੋਰ ਲੋੜ ਪੈਣ ਵਾਲੀਆਂ ਵਸਤਾਂ ਸਭ ਮਸ਼ੀਨਾਂ ਹੀ ਉਤਪਾਦਿਤ ਕਰਦੀਆਂ ਹਨ। ਸਭ ਤੋਂ ਵੱਡੀ ਦੇਣ ਅੱਜ ਦੇ ਯੁੱਗ ਵਿਚ ਮਸ਼ੀਨਾਂ ਦੀ ਹੈ। ਉਨ੍ਹਾਂ ਦੇ ਚੱਲਣ ਨਾਲ ਹੀ ਸਾਡੇ ਜੀਵਨ ਦੀ ਤੋਰ ਤੁਰਦੀ ਹੈ।

'ਹਾਂ ਬਈ, ਗੱਲ ਤਾਂ ਕਰਮ ਸਿਉਂ ਮਿਸਤਰੀ ਦੀ ਠੀਕ ਹੈ,' ਵਿਚੋਂ ਇਕ ਜਣਾ ਬੋਲਿਆ।

ਸੱਥ 'ਚ ਬੈਠੇ ਲੋਕਾਂ 'ਚੋਂ ਬਿਜਲੀ ਮਹਿਕਮੇ ਦਾ ਇਕ ਲਾਈਨਮੈਨ ਅੱਗੋਂ ਬੋਲ ਉੱਠਿਆ: 'ਹੁਣ ਪੁਰਾਣੇ ਜ਼ਮਾਨੇ ਨਹੀਂ ਰਹੇ। ਕਦੇ ਕੋਲੇ ਨਾਲ ਮਸ਼ੀਨਾਂ ਚਲਦੀਆਂ ਸਨ। ਫੇਰ ਤੇਲ ਤੇ ਪੈਟਰੋਲ ਦੀ ਸ਼ਕਤੀ ਆਈ। ਹੋਰ ਤਰੱਕੀ ਹੋਈ ਤਾਂ ਮਨੁੱਖ ਨੇ ਬਿਜਲੀ ਦੀ ਕਾਢ ਕੱਢ ਲਈ। ਹੁਣ ਆਪ ਹੀ ਦੱਸੋ, ਕਿਹੜੀ ਮਸ਼ੀਨ ਹੈ ਜੋ ਬਿਜਲੀ ਨਾਲ ਨਹੀਂ ਚਲਦੀ। ਦੁੱਧ ਰਿੜਕਣ ਵਾਲੀ ਮਸ਼ੀਨ, ਕੱਪੜੇ ਧੋਣ ਵਾਲੀ ਮਸ਼ੀਨ, ਘਰ 'ਚ ਚੀਜ਼ਾਂ ਠੰਢੀਆਂ ਰੱਖਣ ਲਈ ਫਰਿਜ਼ ਅਤੇ ਕਿੰਨੀਆਂ ਹੀ ਹੋਰ ਚੀਜ਼ਾਂ, ਇਸ ਤੋਂ ਵੀ ਅੱਗੇ ਇਲੈਕਟ੍ਰੋਨਿਕ ਸ਼ਕਤੀ ਪ੍ਰਧਾਨ ਹੁੰਦੀ ਜਾ ਰਹੀ ਹੈ। ਹੁਣ ਤਾਂ ਬਿਜਲੀ ਹੀ ਸਭ ਤੋਂ ਵੱਡੀ ਸ਼ਕਤੀ ਹੈ। ਵਾਰੇ-ਵਾਰੇ ਜਾਈਏ ਸਾਇੰਸਦਾਨਾਂ ਤੋਂ। ਸੈਟੇਲਾਈਟ ਦੀ ਕਰਾਮਾਤ ਨਾਲ ਤਾਂ ਤੁਸੀਂ ਘਰ ਬੈਠੇ ਹੀ ਸੰਸਾਰ ਨਾਲ ਸੰਪਰਕ ਜੋੜ ਸਕਦੇ ਹੋ। ਕੀ ਧਰਤੀ, ਕੀ ਪਤਾਲ ਤੇ ਕੀ ਅਕਾਸ਼, ਇਸ ਦੀ ਪਕੜ ਵਿਚ ਹਨ।'

ਸੱਥ ਵਿਚ ਇਕ ਬਿਰਧ ਸਿਆਣਾ ਵੀ ਬੈਠਾ ਸੀ। ਉਸ ਨੇ ਤਿੰਨਾਂ ਦੀਆਂ ਗੱਲਾਂ ਨੂੰ ਬੜੇ ਧਿਆਨ ਨਾਲ ਸੁਣਿਆ।

ਅੱਗੋਂ ਇਕ ਜਣਾ ਕਹਿਣ ਲੱਗਾ, 'ਬਜ਼ੁਰਗੋ, ਤੁਸੀਂ ਹੀ ਦੱਸੋ ਕਿ ਤਿੰਨਾਂ 'ਚੋਂ ਕਿਸ ਦੀ ਗੱਲ ਠੀਕ ਹੈ।'

ਬਜ਼ੁਰਗ ਸੋਚ-ਸੋਚ ਕੇ ਕਹਿਣ ਲੱਗਾ, 'ਦੇਖੋ ਬਈ, ਇਨ੍ਹਾਂ ਤਿੰਨਾਂ ਦੀਆਂ ਹੀ ਗੱਲਾਂ ਠੀਕ ਹਨ। ਰੋਟੀ ਬਿਨਾਂ ਗੁਜ਼ਾਰਾ ਨਹੀਂ ਹੋ ਸਕਦਾ। ਮਸ਼ੀਨਾਂ ਨੇ ਬੰਦੇ ਦੇ ਜੀਵਨ ਨੂੰ ਸੌਖਾ ਬਣਾ ਦਿਤਾ ਹੈ। ਬਿਜਲੀ ਬਿਨਾਂ ਹੁਣ ਗੁਜ਼ਾਰਾ ਹੀ ਮੁਸ਼ਕਲ ਹੋ ਗਿਆ ਇਹ ਤਾਂ ਚੱਲਣ ਦੀ ਸ਼ਕਤੀ ਐ।'

'ਪਰ ਵੇਖਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਤਿੰਨਾਂ ਦੀਆਂ ਗੱਲਾਂ ਪਿੱਛੇ ਮਨੁੱਖ ਦੇ ਕੰਮ ਕਰਨ ਦੀ ਭਾਵਨਾ ਲੁਕੀ ਹੋਈ ਹੈ। ਮਿਹਨਤ ਬਿਨਾਂ ਕੁਝ ਵੀ ਨਹੀਂ ਹੋ ਸਕਦਾ। ਨਾ ਖੇਤ ਵਿਚ ਫ਼ਸਲ, ਨਾ ਮਸ਼ੀਨਾਂ ਰਾਹੀਂ ਕੋਈ ਚੀਜ਼ ਬਣ ਸਕਦੀ ਹੈ ਤੇ ਨਾ ਹੀ ਬਿਜਲੀ ਪੈਦਾ ਹੋ ਸਕਦੀ ਹੈ। ਮਨੁੱਖ ਦੀ ਚੇਤਨਾ ਨੇ ਹੀ ਸਭ ਕੁਝ ਸਿਰਜਿਆ ਹੈ।'

ਬਜ਼ੁਰਗ ਦੀਆਂ ਗੱਲਾਂ ਨੂੰ ਸਭ ਚੁਕੰਨੇ ਹੋ ਕੇ ਸੁਣਦੇ ਰਹੇ। ਬਜ਼ੁਰਗ ਨੇ ਆਪਣੀ ਗੱਲ ਤੋਰੀ ਰੱਖੀ।

'ਅਸਲ ਗੱਲ ਹੈ ਮਨੁੱਖ ਦੀ ਸੋਚਣ-ਸ਼ਕਤੀ, ਲਗਨ, ਰੁਚੀ ਤੇ ਸਫ਼ਲਤਾ ਪ੍ਰਾਪਤ ਕਰਨ ਲਈ

ਮਿਹਨਤ ਦਾ ਸ਼ੌਕ। ਸੱਚ ਜਾਣਿਓ, ਸ੍ਰਿਸ਼ਟੀ ਦੀ ਗਤੀ ਦਾ ਭੇਦ ਹੀ ਇਸ ਵਿਚ ਲੁਕਿਆ ਹੋਇਆ ਹੈ। ਆਦਿ-ਕਾਲ ਤੋਂ ਮਨੁੱਖ ਇਸੇ ਜਿਊਣ ਦੀ ਲੋਚਾ ਸਦਕਾ ਅੱਗੇ-ਅੱਗੇ ਪੁਲਾਂਘਾਂ ਪੁੱਟਦਾ ਜਾ ਰਿਹਾ ਹੈ।'

ਸੱਥ ਵਿਚ ਬੈਠੇ ਲੋਕ ਬਜ਼ੁਰਗ ਦੀ ਸਿਆਣਪ ਨਾਲ ਸਹਿਮਤ ਸਨ। 'ਹਾਂ-ਹਾਂ ਠੀਕ ਹੈ। ਅਸਲ ਗੱਲ ਤਾਂ ਮਨੁੱਖ ਦੀ ਮਿਹਨਤ ਕਰਨ ਦੀ ਇੱਛਾ ਹੈ।' ਇਕ ਬੰਦੇ ਨੇ ਗੱਲ ਦਾ ਤੋੜਾ ਝਾੜਦਿਆਂ ਕਿਹਾ। ਸੱਥ ਜਿਵੇਂ ਜਗਮਗਾ ਉੱਠੀ।

* *



# 4 ਕੋਚੀ ਦਾ ਪਿਆਰ

ਦੂਜੀ ਸੰਸਾਰ ਜੰਗ 1945 ਖ਼ਤਮ ਹੋ ਗਈ ਸੀ। ਬ੍ਰਿਗੇਡੀਅਰ ਹਰਮੰਦਰ ਸਿੰਘ ਨੇ ਜੰਗ ਦੇ ਮੈਦਾਨ ਵਿਚ ਸ਼ੋਭਾ ਖੱਟੀ ਸੀ। ਉਸ ਦੀ ਨਿਯੁਕਤੀ ਜਾਪਾਨ ਦੇ ਦੱਖਣੀ ਟਾਪੂ ਸ਼ਿਕੋਕੂ ਵਿਖੇ ਹੋ ਗਈ ਸੀ। ਉਸ ਨੂੰ ਆਪਣਾ ਵਤਨ ਹਿੰਦੁਸਤਾਨ ਯਾਦ ਆਉਂਦਾ। ਉਦੋਂ ਹਿੰਦੁਸਤਾਨ ਉੱਤੇ ਅੰਗਰੇਜ਼ਾਂ ਦਾ ਰਾਜ ਸੀ। ਰੋਜ਼ੀ-ਰੋਟੀ ਲਈ ਬ੍ਰਿਗੇਡੀਅਰ ਹਰਮੰਦਰ ਸਿੰਘ ਜਾਪਾਨ ਦੇ ਟਾਪੂਆਂ 'ਤੇ ਰਹਿ ਰਿਹਾ ਸੀ।

ਇਕ ਦਿਨ ਉਸ ਨੂੰ ਇਕ ਬੁੱਢੀ ਜਾਪਾਨੀ ਔਰਤ ਮਿਲੀ। ਉਸ ਕੋਲ ਇਕ ਬਹੁਤ ਚੰਗੀ ਨਸਲ ਦਾ ਅਲਸ਼ੇਸ਼ਨ-ਪੱਪ ਕੁੱਤਾ ਸੀ। ਇਹ ਕੁੱਤਾ ਅਜੇ ਕੁਝ ਮਹੀਨਿਆਂ ਦਾ ਹੀ ਸੀ। ਬੁੱਢੀ ਔਰਤ ਨੂੰ ਪੈਸੇ ਦੀ ਸਖ਼ਤ ਲੋੜ ਸੀ। ਉਹ ਉਸ ਪਾਲਤੂ ਪੱਪ ਨੂੰ ਵੇਚਣਾ ਚਾਹੁੰਦੀ ਸੀ। ਪੱਪ ਦਾ ਨਾਂ 'ਕੋਚੀ' ਰੱਖਿਆ ਹੋਇਆ ਸੀ। ਬੁੱਢੀ ਔਰਤ ਦੀਆਂ ਅੱਖਾਂ ਵਿਚ ਅੱਥਰੂ ਵੇਖ ਕੇ, ਬ੍ਰਿਗੇਡੀਅਰ ਹਰਮੰਦਰ ਸਿੰਘ ਨੇ ਉਸ ਪਾਲਤੂ ਪੱਪ (ਕੋਚੀ) ਨੂੰ ਖਰੀਦ ਲਿਆ।

ਹੁਣ ਬ੍ਰਿਗੇਡੀਅਰ ਆਪਣੇ 'ਕੋਚੀ' ਨੂੰ ਬਹੁਤ ਪਿਆਰ ਕਰਦਾ। ਵਿਹਲਾ ਸਮਾਂ ਗੁਜ਼ਾਰਨ ਲਈ ਉਸ ਨਾਲ ਖੇਡਦਾ। ਉਸ ਦੀ ਖੁਰਾਕ ਲਈ ਵਧੀਆ ਤੋਂ ਵਧੀਆ ਵਸਤਾਂ ਖਾਣ ਨੂੰ ਦੇਂਦਾ। ਕੋਚੀ ਤੇ ਬ੍ਰਿਗੇਡੀਅਰ ਘੁਲ-ਮਿਲ ਗਏ। ਕੋਚੀ ਆਪਣੇ ਮਾਲਕ ਦੀ ਉਡੀਕ ਕਰਦਾ ਰਹਿੰਦਾ ਤੇ ਸ਼ਾਮੀਂ ਪੂਰੀ ਮੁਹੱਬਤ ਨਾਲ ਮਿਲਦਾ।

ਅਜੇ ਕੁਝ ਮਹੀਨੇ ਹੀ ਲੰਘੇ ਸਨ। ਬ੍ਰਿਗੇਡੀਅਰ ਹਰਮੰਦਰ ਸਿੰਘ ਦੀ ਬਦਲੀ ਹਿੰਦੁਸਤਾਨ ਦੀ ਹੋ ਗਈ। ਕਾਨੂੰਨ ਅਨੁਸਾਰ ਉਹ ਆਪਣੇ ਕੋਚੀ ਨੂੰ ਆਪਣੇ ਜਹਾਜ਼ ਵਿਚ ਲਿਆ ਨਹੀਂ ਸੀ ਸਕਦਾ। ਸਮੱਸਿਆ ਪੈਦਾ ਹੋ ਗਈ ਕਿ ਕੋਚੀ ਦਾ ਕੀ ਕੀਤਾ ਜਾਵੇ। ਆਖ਼ਰ ਉਸ ਨੇ ਆਪਣੇ ਇਕ ਫ਼ੌਜੀ ਮਿੱਤਰ ਨੂੰ ਕੋਚੀ ਸੰਭਾਲ ਦਿਤਾ ਜਿਸ ਨੇ ਕੁਝ ਮਹੀਨਿਆਂ ਪਿੱਛੋਂ ਦੇਸ਼ ਆਉਣਾ ਸੀ। ਬ੍ਰਿਗੇਡੀਅਰ ਨੂੰ ਆਪਣਾ ਕੋਚੀ ਬਹੁਤ ਯਾਦ ਆਉਂਦਾ। ਪਰ ਨੌਕਰੀ ਦੀਆਂ ਸ਼ਰਤਾਂ ਅੱਗੇ ਉਹ ਗੁਲਾਮ ਸੀ। ਫ਼ੌਜੀ ਮਿੱਤਰ ਕੁਝ ਮਹੀਨਿਆਂ ਪਿੱਛੋਂ ਕੋਚੀ ਨੂੰ ਆਪਣੇ ਨਾਲ ਹਿੰਦੁਸਤਾਨ ਲੈ ਆਇਆ।

ਬ੍ਰਿਗੇਡੀਅਰ ਦੀ ਖੁਸ਼ੀ ਦੀ ਹੱਦ ਨਾ ਰਹੀ ਜਦੋਂ ਇਕ ਦਿਨ ਉਸ ਨੇ ਆਪਣੇ ਵਰਾਂਡੇ ਵਿਚ ਕੋਚੀ ਨੂੰ ਸੰਗਲੀ ਨਾਲ ਬੰਨ੍ਹਿਆ ਹੋਇਆ ਵੇਖਿਆ। ਉਸ ਨੇ ਆਪਣੇ ਫ਼ੌਜੀ ਮਿੱਤਰ ਦਾ ਧੰਨਵਾਦ ਕੀਤਾ। ਕੋਚੀ ਤੇ ਮਾਲਕ ਮਿਲ ਕੇ ਖੁਸ਼ ਹੋਏ। ਕੋਚੀ ਦੀਆਂ ਅੱਖਾਂ 'ਚ ਪਿਆਰ ਦੇ ਹੰਝੂ ਟਪਕ ਪਏ ਤੇ ਬ੍ਰਿਗੇਡੀਅਰ



ਨੇ ਕੋਚੀ ਨੂੰ ਗਲਵਕੜੀ 'ਚ ਲੈ ਲਿਆ। ਇਸ ਮਿਲਣੀ ਵਿਚ ਅੰਤਾਂ ਦਾ ਨਿੱਘ ਸੀ।

ਅਜੇ ਕੁਝ ਦਿਨ ਹੀ ਲੰਘੇ ਸਨ ਕਿ ਬ੍ਰਿਗੇਡੀਅਰ ਦੀ ਰਜਮੈਂਟ ਦੀ ਬਦਲੀ ਜੰਮੂ-ਕਸ਼ਮੀਰ ਦੀ ਹੋ ਗਈ। ਉਸ ਨੂੰ ਉੱਥੇ ਜਾਣ ਲਈ ਕੋਚੀ ਨੂੰ ਫਿਰ ਛੱਡਣਾ ਪੈ ਗਿਆ। ਉਦਾਸ ਹੋਇਆ ਕੋਚੀ ਆਪਣੇ ਮਾਲਕ ਨੂੰ ਚੁੱਪ ਦੀ ਭਾਸ਼ਾ ਰਾਹੀਂ ਕੁਝ ਵੀ ਨਾ ਕਹਿ ਸਕਿਆ। ਸੋਚ-ਸੋਚ ਕੇ ਬ੍ਰਿਗੇਡੀਅਰ ਨੇ ਕੋਚੀ ਨੂੰ ਆਪਣੇ ਇਕ ਹੋਰ ਮਿੱਤਰ ਅਫ਼ਸਰ ਨੂੰ ਸੌਂਪ ਦਿਤਾ ਤੇ ਆਪ ਜੰਮੂ-ਕਸ਼ਮੀਰ ਚਲੇ ਗਿਆ।

ਛੇ ਮਹੀਨਿਆਂ ਪਿੱਛੋਂ, ਬ੍ਰਿਗੇਡੀਅਰ ਆਪਣੇ ਘਰ ਜਲੰਧਰ ਆਇਆ। ਕੁਝ ਦਿਨਾਂ ਦੀਆਂ ਛੁੱਟੀਆਂ ਬਤੀਤ ਕਰਨ। ਇਕ ਦਿਨ ਉਹ ਆਪਣੇ ਘਰ ਦੇ ਬਾਹਰ ਬੈਠਾ ਧੁੱਪ ਸੇਕ ਰਿਹਾ ਸੀ। ਉਸ ਨੇ ਇਕ ਅਲਸ਼ੇਸ਼ਨ ਨਸਲ ਦਾ ਕੁੱਤਾ ਵੇਖਿਆ। ਉਸ ਨੂੰ ਉਹ ਕੋਚੀ ਵਰਗਾ ਲੱਗਿਆ। ਉਸ ਨੇ ਆਦਤ ਅਨੁਸਾਰ ਆਪਣੇ ਮੂੰਹ ਨਾਲ ਸੀਟੀ ਵਜਾਈ। ਕੁੱਤਾ ਸੀਟੀ ਪਛਾਣ ਗਿਆ। ਉਹ ਝੱਟ ਕੰਧ ਟੱਪ ਕੇ ਬ੍ਰਿਗੇਡੀਅਰ ਦੀਆਂ ਲੱਤਾਂ ਨੂੰ ਆ ਚਿੰਮੜਿਆ। ਬ੍ਰਿਗੇਡੀਅਰ ਨੇ 'ਕੋਚੀ'-'ਕੋਚੀ' ਕਹਿ ਕੇ ਨਾਂ ਲਿੱਤਾ ਤੇ ਕੁੱਤਾ ਜਿਵੇਂ ਪਿਆਰ 'ਚ ਲਟਬੌਰਾ ਹੋ ਗਿਆ। ਇਹ ਕੋਚੀ ਹੀ ਸੀ। ਮਾਲਕ ਤੇ ਕੋਚੀ ਦਾ ਮਿਲਾਪ ਇਕ ਅਜੀਬ ਘਟਨਾ ਸੀ। ਕੋਚੀ ਪੂੰਛ ਹਿਲਾ-ਹਿਲਾ ਕੇ ਪਿਆਰ ਪ੍ਰਗਟਾ ਰਿਹਾ ਸੀ ਤੇ ਬ੍ਰਿਗੇਡੀਅਰ ਦੀਆਂ ਅੱਖਾਂ 'ਚੋਂ ਮੋਹ ਦੇ ਹੰਝੂ ਵਹਿ ਰਹੇ ਸਨ।



# 5 ਸ਼ੇਰ ਦੇ ਦਿਲ ਵਰਗਾ



ਉਦੋਂ ਉਹ ਇਕ ਸਕੂਲ ਅਧਿਆਪਕ ਹੁੰਦਾ ਸੀ। ਬਹੁਤ ਮਿਹਨਤੀ ਤੇ ਸਮੇਂ ਦਾ ਪਾਬੰਦ। ਉਸ ਦਾ ਨਾਂ ਸੀ ਕੈਨਿੱਥ ਕੌਂਡਾ। ਉਹ ਅਫ਼ਰੀਕਾ ਦਾ ਰਹਿਣ ਵਾਲਾ ਸੀ। ਉਸ ਦਾ ਘਰ ਸਕੂਲ ਤੋਂ ਕਈ ਕਿਲੋਮੀਟਰ ਦੂਰ ਸੀ। ਸਕੂਲ ਅਫ਼ਰੀਕਾ ਦੇ ਜੰਬੀਆਂ ਇਲਾਕੇ ਵਿਚ ਸਥਿਤ ਸੀ। ਉਸ ਇਲਾਕੇ ਵਿਚ ਜੰਗਲ ਵਰਗਾ ਆਲਾ-ਦੁਆਲਾ ਸੀ। ਕੌਂਡਾ ਹਰ ਰੋਜ਼ ਆਪਣੇ ਘਰ ਤੋਂ ਸਕੂਲ ਸਾਈਕਲ 'ਤੇ ਆਉਂਦਾ ਹੁੰਦਾ ਸੀ। ਪੜ੍ਹਾਉਣ ਦੇ ਨਾਲ-ਨਾਲ, ਉਸ ਨੇ ਆਪਣੀ ਅਗਲੇਰੀ ਪੜ੍ਹਾਈ ਵੀ ਜਾਰੀ ਰੱਖੀ। ਕੁਝ ਸਾਲਾਂ ਪਿੱਛੋਂ ਉਸ ਨੇ ਯੂਨੀਵਰਸਿਟੀ ਦੀ ਸਭ ਤੋਂ ਉੱਚੀ ਡਿਗਰੀ ਪੀ.ਐਚ.ਡੀ. ਵੀ ਹਾਸਲ ਕਰ ਲਈ। ਹੁਣ ਉਹ ਡਾਕਟਰ ਕੈਨਿੱਥ ਕੌਂਡਾ ਕਰ ਕੇ ਜਾਣਿਆ ਜਾਂਦਾ। ਉਸ ਦਾ ਆਪਣੇ ਵਿਦਿਆਰਥੀਆਂ ਨਾਲ ਸੁਹਿਰਦਤਾ ਭਰਿਆ ਰਿਸ਼ਤਾ ਸੀ। ਹਰ ਕੋਈ ਉਸ ਨੂੰ ਮਿਲਣਾ ਲੋਚਦਾ। ਸਾਰੇ ਵਿਦਿਆਰਥੀ ਉਸ ਦਾ ਬਹੁਤ ਸਤਿਕਾਰ ਕਰਦੇ। ਉਹ ਹਰਮਨ ਪਿਆਰਾ ਤੇ ਇਕ ਸਫ਼ਲ ਅਧਿਆਪਕ ਸੀ।

ਇਕ ਦਿਨ ਸ੍ਰੀ ਕੌਂਡਾ ਆਪਣੇ ਸਾਈਕਲ 'ਤੇ ਸਕੂਲ ਨੂੰ ਆ ਰਿਹਾ ਸੀ। ਰਾਹ ਵਿਚ ਬਹੁਤ ਉੱਚਾ-ਉੱਚਾ ਘਾਹ ਸੀ। ਥਾਂ ਵੀ ਸੁੰਨਮ-ਸਾਨ ਸੀ। ਅਚਾਨਕ, ਘਾਹ 'ਚੋਂ ਇਕ ਸ਼ੇਰ ਗਰਜਦਾ ਹੋਇਆ, ਕੌਂਡਾ ਦੇ ਅੱਗੇ ਆ ਖਲੋਇਆ। ਕੌਂਡਾ ਝੱਟ ਸਾਈਕਲ ਤੋਂ ਥੱਲੇ ਉਤਰ ਗਿਆ। ਉਸ ਨੇ ਸਾਈਕਲ ਸ਼ੇਰ ਦੇ ਸਾਹਮਣੇ ਕਰ ਕੇ, ਬੜੀ ਬਹਾਦਰੀ ਨਾਲ ਸ਼ੇਰ ਵੱਲ ਤਾੜਵੀਂ ਨਜ਼ਰ ਨਾਲ ਤੱਕਿਆ। ਗਲੇ 'ਚੋਂ ਸ਼ੇਰ ਵਰਗੀ ਆਵਾਜ਼ ਗੂੰਜਾਈ। ਬੜੀ ਫੁਰਤੀ ਨਾਲ ਸਾਈਕਲ ਨੂੰ ਆਪਣਾ ਹਥਿਆਰ ਬਣਾ ਕੇ ਸ਼ੇਰ ਵੱਲ ਨੂੰ ਕਦਮ ਪੁੱਟਣੇ ਸ਼ੁਰੂ ਕੀਤੇ। ਗਰਜਦਾ ਸ਼ੇਰ ਚੁੱਪ ਹੋ ਗਿਆ। ਉਹ ਅੱਗੇ ਵਧਣ ਤੋਂ ਰੁਕ ਗਿਆ। ਕੌਂਡੇ ਨੇ ਆਪਣਾ ਜੋਸ਼ ਕਾਇਮ ਰੱਖਿਆ। ਦੋਵੇਂ ਕੁਝ ਪਲ ਜੱਕੋ-ਤੱਕੀ 'ਚ ਪਏ ਰਹੇ। ਕੌਂਡੇ ਨੇ ਇਕ ਵਾਰ ਫੇਰ ਸ਼ੇਰ ਵੱਲ ਹੱਲਾ ਬੋਲਿਆ। ਬੱਸ ਫਿਰ ਕੀ ਸੀ। ਸ਼ੇਰ ਨੇ ਪਿੱਠ ਮੋੜ ਲਈ। ਉਹ ਥਿੜਕ ਗਿਆ। ਸ਼ੇਰ ਡਰਦਾ ਮਾਰਾ ਸੰਘਣੇ ਘਾਹ ਵੱਲ ਨੂੰ ਦੌੜ ਪਿਆ। ਖ਼ਤਰਾ ਟਲ ਗਿਆ। ਜੇਤੂ ਬਣਿਆ ਕੌਂਡਾ ਆਪਣੇ ਸਾਈਕਲ 'ਤੇ ਸਵਾਰ ਹੋ ਕੇ ਪੈਂਡੇ ਪੈ ਗਿਆ। ਸ਼ੇਰ-ਦਿਲ ਕੌਂਡਾ, ਸ਼ੇਰ ਨੂੰ ਹਰਾ ਕੇ ਬਹੁਤ ਖੁਸ਼ ਸੀ।

ਸਮਾਂ ਲੰਘਦਾ ਗਿਆ। ਕੌਂਡੇ ਦੀ ਪ੍ਰਤਿਭਾ ਫੈਲਦੀ ਗਈ। ਦੇਸ਼ ਨੂੰ ਕਿਸੇ ਸੂਝਵਾਨ ਤੇ ਵਿਦਵਾਨ ਨੇਤਾ ਦੀ ਲੋੜ ਸੀ। ਦਿਨ ਫਿਰਦੇ ਗਏ। ਉਹ ਦਿਨ ਵੀ ਆ ਗਿਆ ਜਦੋਂ ਡਾ. ਕੈਨਿੱਥ ਕੌਂਡਾ ਜੰਬੀਆ (ਅਫ਼ਰੀਕਾ) ਦਾ ਰਾਸ਼ਟਰਪਤੀ ਬਣਿਆ। ਉਸ ਨੂੰ ਦੁਨੀਆਂ ਭਰ 'ਚ ਪ੍ਰਸਿੱਧੀ ਮਿਲੀ। ਇਕ ਸਕੂਲ ਅਧਿਆਪਕ ਤੋਂ ਦੇਸ਼ ਦੀ ਸਭ ਤੋਂ ਉੱਚੀ ਉਪਾਧੀ ਹਾਸਲ ਕਰਨ ਵਾਲਾ ਡਾ. ਕੌਂਡਾ ਸੱਚ-ਮੁੱਚ ਸ਼ੇਰ ਦੇ ਦਿਲ ਵਰਗਾ ਸੀ।

**

# 6 ਸੰਕਟ ਸਮੇਂ ਦਾ ਮਿੱਤਰ



ਪੁਰਾਣੇ ਸਮਿਆਂ ਦੀ ਗੱਲ ਹੈ। ਬਨਾਰਸ ਦੇ ਨੇੜੇ ਇਕ ਹਰਾ-ਭਰਾ ਜੰਗਲ ਹੁੰਦਾ ਸੀ। ਇਕ ਵੇਰ, ਇੰਦਰ ਮਹਾਰਾਜ ਉੱਧਰ ਆ ਨਿਕਲੇ। ਬਿਰਛਾਂ ਦੀ ਹਰਿਆਲੀ ਤੇ ਰਮਣੀਕ ਥਾਂ ਵੇਖ ਕੇ ਬਹੁਤ ਪ੍ਰਸੰਨ ਹੋਏ।

ਦੇਖਦੇ ਦੇਖਦੇ, ਉਨ੍ਹਾਂ ਦੀ ਨਿਗਾਹ ਇਕ ਸੁੱਕੇ ਰੁੱਖ 'ਤੇ ਪਈ ਜਿਹੜਾ ਹਰੇ-ਭਰੇ ਰੁੱਖਾਂ ਵਿਚਕਾਰ ਖੜੋਤਾ ਸੀ। ਉਸ ਪੱਤਰ-ਹੀਨ ਸੁੱਕੇ ਰੁੱਖ ਉੱਤੇ ਇਕ ਤੋਤਾ ਉਦਾਸ ਹੋਇਆ ਬੈਠਾ ਸੀ।

ਮਹਾਰਾਜ ਇੰਦਰ ਨੇ ਉਸ ਤੋਤੇ ਨੂੰ ਪੁੱਛਿਆ, 'ਐ ਮੂਰਖ ਤੋਤੇ, ਇੰਨੇ ਹਰੇ-ਭਰੇ ਰੁੱਖਾਂ ਨੂੰ ਛੱਡ ਕੇ, ਤੂੰ ਇਸ ਸੁੱਕੇ ਤੇ ਰੁੰਡ-ਮੁੰਡ ਰੁੱਖ ਉੱਤੇ ਕਿਉਂ ਬੈਠਾ ਹੈਂ ?

ਤੋਤੇ ਨੇ ਆਪਣੀ ਗਰਦਨ ਝੁਕਾਉਂਦਿਆਂ ਉੱਤਰ ਦਿਤਾ, 'ਐ ਮਹਾਰਾਜ ਉਹ ਵੀ ਸਮਾਂ ਸੀ ਜਦੋਂ ਇਸ ਰੁੱਖ 'ਤੇ ਏਨੀ ਰੌਣਕ ਸੀ ਕਿ ਬਿਆਨ ਨਹੀਂ ਕੀਤੀ ਜਾ ਸਕਦੀ। ਇਸ ਦੇ ਹਰੇ ਕਚੂਰ ਪੱਤਿਆਂ ਦੀ ਛਾਂ ਵਿਚ ਹੀ ਮੇਰਾ ਜਨਮ ਹੋਇਆ ਤੇ ਮੈਂ ਵੱਡਾ ਹੋਇਆ। ਮੈਂ ਇਸ ਰੁੱਖ ਦਾ ਫ਼ਲ ਖਾਂਦਾ ਰਿਹਾ ਤੇ ਮੌਜਾਂ ਮਾਣਦਾ ਰਿਹਾ। ਦੁੱਖ ਦੀ ਗੱਲ ਹੈ ਕਿ ਇਕ ਦੈਂਤ ਨੇ ਇਕ ਦਿਨ ਬਿਨਾਂ ਸੋਚੇ ਸਮਝੇ ਇਸ ਰੁੱਖ ਦੇ ਤਣੇ ਵਿਚ ਇਕ ਅਜਿਹਾ ਜ਼ਹਿਰੀਲਾ ਤੀਰ ਮਾਰਿਆ ਕਿ ਉਦੋਂ ਤੋਂ ਹੀ ਇਹ ਰੁੱਖ ਹੌਲੀ-ਹੌਲੀ ਸੁੱਕਣਾ ਸ਼ੁਰੂ ਹੋ ਗਿਆ। ਹੁਣ ਇਸ ਦੀ ਇਹ ਹਾਲਤ ਹੋ ਗਈ ਹੈ ਜੋ ਮੈਥੋਂ ਵੇਖੀ ਨਹੀਂ ਜਾਂਦੀ। ਤੁਸੀਂ ਆਪ ਹੀ ਦੱਸੋ ਕਿ ਜੇਕਰ ਮੈਂ ਵੀ ਇਸ ਸੰਕਟ ਸਮੇਂ, ਕਿਸੇ ਹੋਰ ਰੁੱਖ ਉੱਤੇ ਜਾ ਬੈਠਾ ਤਾਂ ਇਸ ਨੂੰ ਕਿੰਨਾ ਦੁੱਖ ਹੋਵੇਗਾ। ਆਖ਼ਰ, ਦੁੱਖ ਸੁਣਨ ਲਈ ਵੀ ਤਾਂ ਕੋਈ ਚਾਹੀਦਾ ਹੈ।'

ਤੋਤੇ ਦਾ ਉੱਤਰ ਸੁਣ ਕੇ ਇੰਦਰ ਮਹਾਰਾਜ ਬਹੁਤ ਹੈਰਾਨ ਹੋਏ। ਕਹਿਣ ਲੱਗੇ, 'ਐ, ਸਿਆਣੇ ਤੇ ਅਕਲਮੰਦ ਤੋਤੇ, ਤੂੰ ਧੰਨ ਹੈਂ। ਕਾਸ਼ ! ਆਦਮੀ ਵੀ ਏਨਾ ਵਫ਼ਾਦਾਰ ਹੁੰਦਾ। ਬੋਲ, ਤੂੰ ਕੀ ਚਾਹੁੰਦਾ ਹੈਂ ? ਤੇਰੀ ਮੰਗ ਪੂਰੀ ਹੋਵੇਗੀ।'

ਤੋਤੇ ਨੇ ਸਿਆਣਪ ਤੋਂ ਕੰਮ ਲੈਂਦਿਆਂ ਆਖਿਆ, 'ਐ ਮਹਾਰਾਜ, ਮੈਨੂੰ ਤਾਂ ਕੁਝ ਨਹੀਂ ਚਾਹੀਦਾ। ਕਿੰਨਾ ਚੰਗਾ ਹੋਵੇ ਜੇਕਰ ਤੁਸੀਂ ਇਸ ਰੁੱਖ ਨੂੰ ਮੁੜ ਹਰਾ-ਭਰਾ ਕਰ ਦਿਓ।'

ਇੰਦਰ ਮਹਾਰਾਜ ਨੇ ਆਪਣੇ ਵਚਨ ਪੂਰੇ ਕਰਦਿਆਂ ਆਪਣੇ ਦਿਆਲੂ ਹੱਥਾਂ ਨਾਲ ਉਸ ਰੁੱਖ ਨੂੰ ਛੂਹਿਆ। ਵਿਹੰਦਿਆਂ ਵਿਹੰਦਿਆਂ, ਉਹ ਰੁੱਖ ਮੁੜ ਹਰਾ-ਭਰਾ ਹੋ ਗਿਆ। ਤੋਤੇ ਤੇ ਰੁੱਖ ਦੀ ਦੋਸਤੀ ਹੋਰ ਪੱਕੀ ਹੋ ਗਈ।

**

# 7 ਧੁੱਪ

ਇਕ ਵੇਰ ਦੀ ਗੱਲ ਹੈ। ਇਕ ਜੰਗਬਾਜ਼ ਰਾਜਾ ਹੁੰਦਾ ਸੀ। ਉਸ ਨੂੰ ਆਪਣੇ ਗੁਆਂਢੀ ਰਾਜਿਆਂ ਨਾਲ ਲੜਾਈਆਂ ਲੜਨ ਦਾ ਬੜਾ ਸ਼ੌਕ ਸੀ। ਉਸ ਨੂੰ ਆਪਣੀ ਫ਼ੌਜੀ ਸੈਨਾ ਦਾ ਬੜਾ ਮਾਣ ਸੀ ਅਤੇ ਆਪਣੇ ਬਾਹੂ ਬਲ ਉੱਤੇ ਬਹੁਤ ਹੰਕਾਰ ਸੀ। ਲੋਕੀਂ ਉਸ ਦੀ ਤਾਕਤ ਤੋਂ ਸਹਿਮਦੇ ਮਾਰੇ ਕੰਨ ਨਾ ਚੁੱਕਦੇ।

ਇਕ ਦਿਨ ਸਖ਼ਤ ਸਰਦੀ ਦੀ ਰੁੱਤੇ, ਉਹ ਰਾਜਾ ਘੋੜੇ 'ਤੇ ਸਵਾਰ ਹੋ ਕੇ ਆਪਣੇ ਵਜ਼ੀਰਾਂ ਤੇ ਦਰਬਾਰੀਆਂ ਸਮੇਤ ਇਕ ਪਿੰਡ ਕੋਲੋਂ ਲੰਘਿਆ ਜਾ ਰਿਹਾ ਸੀ। ਕਹਿਰਾਂ ਦੀ ਠੰਢ ਪੈ ਰਹੀ ਸੀ। ਗਰੀਬ ਜਨਤਾ ਠੁਰ-ਠੁਰ ਕਰ ਰਹੀ ਸੀ। ਪਸ਼ੂ-ਪੰਛੀ ਵੀ ਠੰਢ ਨਾਲ ਕੁੰਗੜਦੇ ਜਾ ਰਹੇ ਸਨ।

ਅਚਾਨਕ ਰਾਜਾ ਉਸ ਪਿੰਡ ਦੇ ਦਰਵਾਜ਼ੇ ਕੋਲੋਂ ਲੰਘਦੇ ਰਸਤੇ 'ਤੇ ਜਾਂਦਾ-ਜਾਂਦਾ ਖੜੋ ਗਿਆ। ਦਰਵਾਜ਼ੇ ਕੋਲ ਇਕ ਖੁੰਢ ਨਾਲ ਢੋਅ ਲਾਈ ਇਕ ਅੰਨ੍ਹਾ, ਬੁੱਢਾ ਬੈਠਾ ਸਰਦੀ ਤੋਂ ਧੁੱਪ ਸੇਕ ਰਿਹਾ ਸੀ। ਫਟੇ ਹੋਏ ਕਪੜਿਆਂ 'ਚ ਬੁੱਢੇ ਦਾ ਨੰਗਾ ਸਰੀਰ ਕੋਸੀ-ਕੋਸੀ ਧੁੱਪ ਦਾ ਨਿੱਘ ਮਹਿਸੂਸ ਕਰ ਰਿਹਾ ਸੀ। ਚੜ੍ਹਦੇ ਸੂਰਜ ਦੀਆਂ ਕਿਰਨਾਂ ਅੱਗ ਦੀ ਧੂਣੀ ਦਾ ਕੰਮ ਕਰ ਰਹੀਆਂ ਸਨ।

ਬੁੱਢਾ ਆਪਣੇ ਅੰਗਾਂ ਨੂੰ ਇਕੱਠਾ ਕਰਦਾ ਬੋਲਿਆ, 'ਓ ਭਾਈ, ਤੂੰ ਕੌਣ ਮੇਰੇ ਸਿਰ 'ਤੇ ਆ ਖੜੋਇਆ ਏਂ ?ਧੁੱਪ ਤਾਂ ਸੇਕ ਲੈਣ ਦੇ। ਮੈਨੂੰ ਤਾਂ ਸਰਦੀ ਨੇ ਝੰਬ ਸੁੱਟਿਆ ਏ। ਹੁਣ ਤਾਂ ਹੱਡ ਵੀ ਬੁੱਢੇ ਹੋ ਗਏ ਨੇ।'

ਰਾਜੇ ਨੂੰ ਬੁੱਢੇ ਦੇ ਬੋਲ ਸੁਣ ਕੇ ਗੁੱਸਾ ਆ ਗਿਆ ਕਿ ਇਹ ਕੌਣ ਹੁੰਦਾ ਹੈ, ਮੈਨੂੰ ਇੰਝ ਟੋਕਣ ਵਾਲਾ।

'ਬੁੱਢਿਆ, ਤੂੰ ਜਾਣਦਾ ਨਹੀਂ, ਮੈਂ ਕੌਣ ਹਾਂ ?ਮੈਂ ਇਸ ਇਲਾਕੇ ਦਾ ਰਾਜਾ ਹਾਂ। ਨਵਾਂ ਮਾਲਕ। ਹੁਣ ਇਹ ਪਿੰਡ ਮੇਰੇ ਅਧੀਨ ਹੈ। ਮੇਰਾ ਘੋੜਾ ਤਾਂ ਜੰਗ ਦੇ ਮੈਦਾਨ ਵਿਚ ਵੀ ਕਦੇ ਕੋਈ ਰੋਕ ਨਹੀਂ ਸਕਿਆ। ਤੂੰ ਕੌਣ ਹੁੰਦੈ ਮੈਨੂੰ ਬੋਲਣ ਵਾਲਾ।'

ਬੁੱਢੇ ਨੇ ਜੋਤ-ਹੀਣ ਝਿਮਣੀਆਂ ਝਮਕਦਿਆਂ, ਆਪਣਾ ਹੱਥ ਮੱਥੇ 'ਤੇ ਧਰਦਿਆਂ ਉਤਾਂਹ ਤੱਕਿਆ ਤੇ ਬੋਲਿਆ, 'ਅੱਛਾ, ਅੱਛਾ ! ਮਹਾਰਾਜ, ਤੁਸੀਂ ਹੋ ਸਾਡੇ ਨਵੇਂ ਰਾਜੇ ?' ਰਾਜੇ ਨੂੰ ਬੁੱਢੇ ਦੇ ਇਨ੍ਹਾਂ ਸ਼ਬਦਾਂ 'ਤੇ ਹੋਰ ਵੀ ਗੁੱਸਾ ਆਇਆ। ਪਰ ਬੁੱਢਾ ਉਵੇਂ ਹੀ ਸ਼ਾਂਤ-ਚਿੱਤ ਬੈਠਾ ਧਰਤੀ 'ਤੇ ਹੱਥ ਫੇਰਦਾ ਰਿਹਾ।

ਘੋੜੇ 'ਤੇ ਬੈਠਾ ਰਾਜਾ ਫੇਰ ਕੜਕ ਕੇ ਬੋਲਿਆ, 'ਬੁੱਢਿਆ, ਤੇਰਾ ਦਿਮਾਗ ਟਿਕਾਣੇ ਹੈ ਕਿ ਨਹੀਂ ?



'ਐ ਮਹਾਰਾਜ, ਇੰਨੇ ਖ਼ਫਾ ਹੋਣ ਦੀ ਕੀ ਲੋੜ ਐ ?ਰਾਜਾ ਤਾਂ ਪਰਜਾ ਦਾ ਪਾਲਕ ਹੁੰਦਾ ਹੈ।ਮੇਰੀ ਲਗਭਗ ਸੌ ਸਾਲਾਂ ਦੀ ਉਮਰ 'ਚ ਤਾਂ ਕਈ ਰਾਜੇ ਆਏ ਤੇ ਕਈ ਗਏ।ਉਹ ਸਾਡਾ ਦੁੱਖ-ਸੁੱਖ ਸੁਣਦੇ ਰਹੇ।ਪਰ ਤੁਸੀਂ ਤਾਂ ਅਜੇ ਮੈਨੂੰ ਕੁਝ ਦਿਤਾ ਹੀ ਨਹੀਂ।ਤੁਸੀਂ ਤਾਂ ਸਗੋਂ ਮੇਰੀ ਧੁੱਪ ਵੀ ਰੋਕ ਲਈ।ਹੋਰ ਤਾਂ ਮੈਨੂੰ ਕੀ ਦੇਣਾ।'

ਰਾਜਾ ਬੁੱਢੇ ਦਾ ਹੌਂਸਲਾ ਤੇ ਦਲੀਲ ਸੁਣ ਕੇ ਗੰਭੀਰ ਹੋ ਗਿਆ।ਉਸ ਦੇ ਹੱਥੋਂ ਘੋੜੇ ਦੀਆਂ ਵਾਗਾਂ ਢਿੱਲੀਆਂ ਹੋ ਗਈਆਂ।ਵਜ਼ੀਰ ਤੇ ਦਰਬਾਰੀ ਵੀ ਜਿਵੇਂ ਠੰਢੇ ਪੈ ਗਏ।

'ਐ ਮਹਾਰਾਜ! ਠੀਕ ਹੈ, ਇਹ ਪਿੰਡ ਹੁਣ ਤੁਹਾਡੀ ਮਲਕੀਅਤ ਹੈ।ਲੋਕ ਵੀ ਤੁਹਾਡੇ ਨੇ।ਪਰ ਸੂਰਜ ਤਾਂ ਸਭ ਦਾ ਸਾਂਝਾ ਹੈ।ਕੁਦਰਤ ਦਾ ਹਿੱਸਾ ਹੈ।ਸਭ ਨੂੰ ਧੁੱਪ ਦੇਂਦਾ ਹੈ।ਧੁੱਪ ਦੀ ਮਲਕੀਅਤ ਤਾਂ ਤੁਹਾਡੀ ਨਹੀਂ।ਮੈਂ ਤਾਂ ਧੁੱਪ ਹੀ ਮੰਗ ਰਿਹਾ ਹਾਂ, ਹੋਰ ਕੁਝ ਨਹੀਂ।ਧੁੱਪ ਵਾਂਗ ਦਿਆਵਾਨ ਬਣੋ।'

ਰਾਜਾ ਬੁੱਢੇ ਦੀ ਸਿਆਣਪ 'ਤੇ ਬਹੁਤ ਹੈਰਾਨ ਹੋਇਆ।ਉਹ ਘੋੜੇ ਤੋਂ ਥੱਲੇ ਉਤਰ ਪਿਆ।ਹੁਣ ਉਸ ਦਾ ਗੁੱਸਾ ਛਾਂ ਵਾਂਗ ਠੰਢਾ ਹੋ ਗਿਆ ਸੀ।ਉਸ ਨੇ ਅੰਬਰ ਵੱਲ ਤੱਕਿਆ ਤੇ ਪਿੱਛੇ ਹਟ ਗਿਆ।

ਰਾਜੇ ਦੇ ਦਿਲ ਵਿਚ ਦਿਆ ਆ ਗਈ।ਉਸ ਨੇ ਆਪਣੀ ਲੋਈ ਤੇ ਕੁਝ ਮੁਹਰਾਂ ਬੁੱਢੇ ਨੂੰ ਇਨਾਮ ਵਜੋਂ ਦਿਤੀਆਂ ਤੇ ਉਥੋਂ ਅਗਲੇ ਪਿੰਡ ਨੂੰ ਹੋ ਤੁਰਿਆ।

**



# 8 ਤਿਤਲੀਏ ਤਿਤਲੀਏ ਸੁਣ ਮੇਰੀ ਗੱਲ

ਤਿਤਲੀਏ ਤਿਤਲੀਏ ਸੁਣ ਮੇਰੀ ਗੱਲ
ਮੈਂ ਵੀ ਇਕ ਫੁੱਲ ਹਾਂ ਤੂੰ ਆ ਜਾ ਮੇਰੇ ਵੱਲ

ਮੈਨੂੰ ਸਾਰੇ ਹਾਣੀਆਂ ਦੀ ਢਾਣੀ ਚੋਂ ਪਛਾਣ ਕੇ
ਛੇਤੀ ਨਾਲ ਬਹਿ ਜਾ ਮੇਰੇ ਮੋਢੇ ਉੱਤੇ ਆਣ ਕੇ
ਅੱਜ ਮੇਰੇ ਨਾਲ ਤੂੰ ਸਕੂਲ ਮੇਰੇ ਚੱਲ

ਤਿਤਲੀ ਨੇ ਹੋਠਾਂ ਵਿਚ ਨਿੰਮਾ ਜਿਹਾ ਹੱਸਿਆ
ਕਹਿਣ ਲੱਗੀ ਆਪਣੇ ਮੈਂ ਘਰ ਨਹੀਂ ਦੱਸਿਆ
ਜਾਵਾਂਗੀ ਜ਼ਰੂਰ ਪਰ ਅੱਜ ਨਹੀਂ ਕੱਲ੍ਹ

ਤਿੱਤਲੀਏ ਐਵੇਂ ਇਉਂ ਬਹਾਨੇ ਨਈਂ ਬਣਾਈਦੇ
ਅੱਜ ਵਾਲੇ ਕੰਮ ਕਦੀ ਕੱਲ੍ਹ ਤੇ ਨਈਂ ਪਾਈਦੇ
ਅੱਜ ਹੁੰਦੀ ਅੱਜ ਅਤੇ ਕੱਲ੍ਹ ਹੁੰਦੀ ਕੱਲ੍ਹ

ਆ ਜਾ ਬੜੀ ਤੇਜ਼ ਤੇਜ਼ ਸਾਈਕਲ ਚਲਾਵਾਂਗਾ
ਝੂਟੇ ਦਿੰਦਾ ਤੈਨੂੰ ਮੈਂ ਸਕੂਲ ਲੈ ਕੇ ਜਾਵਾਂਗਾ



ਸੁਹਣੀਆਂ ਕਿਤਾਬਾਂ ਦੇਖੀਂ ਪੰਨੇ ਥੱਲ ਥੱਲ
ਮੇਰੀਆਂ ਕਿਤਾਬਾਂ ਤਾਂ ਕਿਆਰੀਆਂ ਤੇ ਬੂਟੇ ਨੇ
ਝੂਮਦੇ ਹਵਾ ਚ ਮੈਨੂੰ ਫੁੱਲ ਦਿੰਦੇ ਝੂਟੇ ਨੇ
ਆਵੀਂ ਕਦੀ ਸਾਡਿਆਂ ਬਗੀਚਿਆਂ ਦੇ ਵੱਲ ॥



# 9 ਭਾਰੇ ਭਾਰੇ ਬਸਤੇ

ਭਾਰੇ ਭਾਰੇ ਬਸਤੇ
ਲੰਮੇ ਲੰਮੇ ਰਸਤੇ
ਥੱਕ ਗਏ ਨੇ ਗੋਡੇ
ਦੁਖਣ ਲੱਗ ਪਏ ਮੋਢੇ
ਏਨਾ ਭਾਰ ਚੁਕਾਇਆ ਏ
ਅਸੀਂ ਕੋਈ ਖੋਤੇ ਆਂ ?

ਟੀਚਰ ਜੀ ਆਉਣਗੇ
ਆ ਕੇ ਹੁਕਮ ਸੁਣਾਉਣਗੇ
ਚਲੋ ਕਿਤਾਬਾਂ ਖੋਲ੍ਹੋ
ਪਿੱਛੇ ਪਿੱਛੇ ਬੋਲੋ
ਪਿੱਛੇ ਪਿੱਛੇ ਬੋਲੀਏ
ਅਸੀਂ ਕੋਈ ਤੋਤੇ ਆਂ ?

ਚਲੋ ਚਲੋ ਜੀ ਚੱਲੀਏ
ਜਾ ਕੇ ਸੀਟਾਂ ਮੱਲੀਏ
ਜੇਕਰ ਹੋ ਗਈ ਦੇਰ

ਕੀ ਹੋਵੇਗਾ ਫੇਰ
ਮੈਡਮ ਜੀ ਆਉਣਗੇ
ਗੁੱਸਾ ਖ਼ੂਬ ਦਿਖਾਉਣਗੇ
ਤੁਰੇ ਹੀ ਤਾਂ ਜਾਨੇ ਆਂ
ਅਸੀਂ ਕੋਈ ਖੜੋਤੇ ਆਂ ?



# 10 ਰੁੱਖ ਨੂੰ ਜਦ ਅੱਗ ਲੱਗੀ

ਰੁੱਖ ਨੂੰ ਜਦ ਅੱਗ ਲੱਗੀ
ਕੁਲ ਪਰਿੰਦੇ ਉੜ ਗਏ-ਉੜਨਾ ਹੀ ਸੀ
ਇਕ ਚਿੜੀ ਪਰ ਜਾਂਦੀ ਜਾਂਦੀ ਮੁੜ ਪਈ
ਉਸ ਦੇ ਮਨ ਵਿਚ ਸੋਚ ਆਈ
ਰੁੱਖ ਦੇ ਮਨ ਵਿਚ ਸੋਚ ਆਈ
ਰੁੱਖ ਕੀ ਸੋਚੂ ਵਿਚਾਰਾ
ਉਸ ਨੂੰ ਲੱਗਾ
ਰੁੱਖ ਦੇ ਪੱਤੇ ਜਿਵੇਂ ਹੋਵਣ ਹਜ਼ਾਰਾਂ ਅੱਖੀਆਂ
ਉਡਦਿਆਂ ਪੰਖੇਰੂਆਂ ਨੂੰ ਤੱਕਦੀਆਂ.....

ਕੋਲ ਇਕ ਤਾਲਾਬ
ਉਸ ਦੇ ਜਲ ਚੋਂ ਭਰ ਕੇ ਚੁੰਝਾਂ
ਉਹ ਚਿੜੀ
ਬਲਦੇ ਰੁੱਖ ਉਤੇ ਤਰੌਂਕਣ ਲੱਗ ਪਈ


ਕੋਲੋਂ ਦੀ ਕੋਈ ਮੁਸਾਫਿਰ ਲੰਘਿਆ
ਦੇਖ ਕੇ ਦ੍ਰਿਸ਼ ਹੱਸ ਪਿਆ

ਕਹਿਣ ਲੱਗਾ:
ਭੋਲੀਏ ਚਿੜੀਏ ਤੂੰ ਸੋਚ
ਤੇਰੀਆਂ ਚੁੰਝ-ਚੂਲੀਆਂ ਦੇ ਨਾਲ ਕੀ
ਅੱਗ ਬਲਦੇ ਬਿਰਖ ਦੀ ਬੁਝ ਜਾਏਗੀ ?

ਜਾਣਦੀ ਹਾਂ ਐ ਮੁਸਾਫ਼ਿਰ
ਕਹਿਣ ਲੱਗੀ ਉਹ ਚਿੜੀ
ਮੇਰੀਆਂ ਚੁੰਝ-ਚੂਲੀਆਂ ਦੇ ਨਾਲ ਤਾਂ
ਅੱਗ ਬਲਦੇ ਬਿਰਖ ਦੀ ਬੁਝਣੀ ਨਹੀਂ
ਫੇਰ ਵੀ ਪਰ ਸੋਚਦੀ ਹਾਂ

ਜਦੋਂ ਜੰਗਲ ਦਾ ਕਦੀ ਇਤਿਹਾਸ ਲਿਖਿਆ ਜਾਏਗਾ
ਨਾਮ ਮੇਰਾ ਅੱਗ ਬੁਝਾਵਣ ਵਾਲਿਆਂ ਵਿਚ ਆਏਗਾ
ਅੱਗ ਲਗਾਵਣ ਵਾਲਿਆਂ ਦੇ ਵਿਚ ਨਹੀਂ
ਤੇ ਇਨ੍ਹਾਂ ਰੁੱਖਾਂ ਦੇ ਵਾਰਿਸ ਕਹਿਣਗੇ:
ਸਾਨੂੰ ਜਦ ਲੱਗਦੀ ਏ ਅੱਗ
ਸਭ ਪਰਿੰਦੇ ਤ੍ਰਭਕ ਕੇ ਉੜਦੇ ਹੀ ਨੇ
ਪਰ ਕਈ ਮੁੜਦੇ ਵੀ ਨੇ

ਗੱਲ ਸੁਣ ਕੇ ਚਿੜੀ ਦੀ
ਰਾਹਗੀਰ ਵੀ
ਲੱਗ ਪਿਆ ਤਾਲਾਬ ਵਿਚੋਂ ਪਾਣੀ ਡੱਟਣ
ਏਨੇ ਨੂੰ ਇਕ ਹੋਰ ਰਾਹੀ ਆ ਗਿਆ






ਹੋਰ ਤੇ ਇਕ ਹੋਰ ਤੇ ਇਕ ਹੋਰ
ਆਖਦੇ ਨੇ ਬੁਝ ਗਈ ਸੀ
ਅੱਗ ਬਲਦੇ ਬਿਰਖ ਦੀ
ਤੇ ਕਿਸੇ ਅਗਲੀ ਬਹਾਰ
ਉਸ ਚੋਂ ਪੁੰਗਰ ਪਏ ਸੀ ਪੱਤੇ।

ਰੁੱਖ ਸ਼ੁਕਰਾਨੇ ਅਤੇ ਵਿਸ਼ਵਾਸ ਦੀ
ਸਾਵੀ ਸੱਜਰੀ ਨਜ਼ਮ ਵਰਗਾ ਹੋ ਗਿਆ ਸੀ।

ਮੇਰੀ ਮਾਂ ਨੇ ਇਹ ਸੁਣਾਈ ਸੀ ਕਹਾਣੀ
ਤੇ ਕਿਹਾ ਸੀ:
ਇਹ ਕਦੀ ਨਾ ਸੋਚੀਂ ਕਿ ਲਿੱਸਾ ਹੈ ਤੂੰ
ਇਹ ਕਦੀ ਨਾ ਸੋਚੀਂ ਕਿ ਕੱਲਾ ਹੈ ਤੂੰ
ਰੁੱਖ ਨੂੰ ਜਦ ਅੱਗ ਲੱਗੇ ਉਡ਼ ਪਵੀਂ
ਪਰ ਮੁੜ ਪਵੀਂ
ਚੁੰਝ ਦੇ ਵਿਚ ਨੀਰ ਭਰ ਕੇ
ਉਸ ਚਿੜੀ ਨੂੰ ਯਾਦ ਕਰ ਕੇ॥



Forever Learning
ISBN: 978-93-89198-12-6
9 789389 198126
www.unistarbooks.com ₹ 95/-